ਵਿਸ਼ਵਾਸ

(ਰਾਮ ਲਾਲ ਚਪੜਾਸੀ ਦਫਤਰ ਵਿਚ ਸਫਾਈ ਕਰ ਰਿਹਾ ਹੈ ਅਤੇ ਨਾਲ ਹੀ ਕੋਈ ਗੀਤ ਗੁਣਗੁਣਾ ਰਿਹਾ ਹੈ। ਸੁਰਜੀਤ ਆਉਂਦੀ ਹੈ।)

ਰਾਮ ਲਾਲ : ਸਤਿ ਸ੍ਰੀ ਅਕਾਲ ਬੀਬੀ ਜੀ

ਸੁਰਜੀਤ : ਸਤਿ ਸ੍ਰੀ ਅਕਾਲ, ਕਿਉਂ ਰਾਮ ਲਾਲ ਜੀ, ਹਾਲੀ ਤੱਕ ਦਫਤਰ ਕੋਈ ਨਹੀਂ ਆਇਆ ?

ਰਾਮ ਲਾਲ : ਨਹੀਂ ਬੀਬੀ ਜੀ, ਹਾਲੇ ਤਾਂ ਦਫਤਰ ਖੋਲ੍ਹਿਆ ਹੈ ਤੇ ਦਫਤਰ ਦੀ ਘੜੀ ਕਹਿੰਦੀ ਏ ਕਿ ਨੌਂ ਵਜਣ ਵਿਚ ਹਾਲੀ ਅੱਧਾ ਘੰਟਾ ਬਾਕੀ ਏ। ਨੌਂ ਵਜੇ ਤੋਂ ਪਿਛੋਂ ਭਾਵੇਂ ਕੋਈ ਆਏ, ਪਹਿਲਾਂ ਨਹੀਂ ਆਉਂਦਾ।

ਸੁਰਜੀਤ : ਕਿਸੇ ਨੂੰ ਕੀ ਲੋੜ ਪਈ ਏ ਕਿ ਪਹਿਲੇ ਘਰ ਤੋਂ ਚਲੇ।

ਰਾਮ ਲਾਲ : ਪਰ ਤੁਸੀਂ ਵੀ ਤਾਂ ..

ਸੁਰਜੀਤ : ਮੇਰੀ ਹੋਰ ਗੱਲ ਏ। ਤੁਹਾਨੂੰ ਤਾਂ ਪਤਾ ਹੀ ਏ ਕਿ ਮੇਰਾ ਹੁਣ ਕੋਈ ਘਰ ਨਹੀਂ।

ਰਾਮ ਲਾਲ : ਰੱਬ ਨੇ ਚਾਹਿਆ ਤਾਂ ਫੇਰ ਬਣ ਜਾਏਗਾ।

ਸੁਰਜੀਤ : ਰੱਬ ਚਾਹੁੰਦਾ ਤਾਂ ਪਹਿਲਾ ਘਰ ਨਾ ਉਜੜਦਾ।

ਰਾਮ ਲਾਲ : ਪਰ ਦਿਨ ਹਮੇਸ਼ਾਂ ਇਕੋ ਜਿਹੇ ਨਹੀਂ ਰਹਿੰਦੇ।

ਸੁਰਜੀਤ : ਪਰ ਬਹੁਤ ਵਾਰ ਦਿਨ ਬਦਲਦੇ ਵੀ ਨਹੀਂ ਹੁੰਦੇ।

ਰਾਮ ਲਾਲ : ਇਹ ਤੁਸੀਂ ਠੀਕ ਕਹਿੰਦੇ ਹੋ।

ਸੁਰਜੀਤ : ਕੀ ਠੀਕ ਕਹਿੰਦੀ ਹਾਂ ?

ਰਾਮ ਲਾਲ : ਬਹੁਤੀ ਵਾਰ ਦਿਨ ਬਦਲਦੇ ਨਹੀਂ ਹੁੰਦੇ, ਹੁਣ ਮੇਰੇ ਵੱਲ ਵੇਖੋ, ਪਿਛਲੇ ਪੰਦਰਾਂ ਸਾਲਾਂ ਤੋਂ ਇਸੇ ਦਫਤਰ ਵਿਚ ਕੰਮ ਕਰ ਰਿਹਾ ਹਾਂ, ਬਿਲਕੁਲ ਹੀ ਕੁਝ ਨਹੀਂ ਬਦਲਿਆ। ਸਵੇਰੇ ਦਫਤਰ ਖੋਲ੍ਹਦਾ ਹਾਂ, ਸ਼ਾਮ ਨੂੰ ਦਫ਼ਤਰ ਬੰਦ ਕਰਦਾ ਹਾਂ।

ਸੁਰਜੀਤ : ਕੀ ਤੈਨੂੰ ਇਹ ਸਭ ਕੁਝ ਚੰਗਾ ਨਹੀਂ ਲਗਦਾ ?

ਰਾਮ ਲਾਲ : ਜੇ ਨਾ ਵੀ ਲਗੇ ਤਾਂ ਵੀ ਕੁਝ ਹੋਰ ਕਰ ਵੀ ਨਹੀਂ ਸਕਦਾ।

ਸੁਰਜੀਤ : ਹਾਂ ਬਹੁਤੀ ਵਾਰ ਬੰਦੇ ਨੂੰ ਜੋ ਕੁਝ ਉਹ ਕਰ ਰਿਹਾ ਹੁੰਦਾ ਏ, ਉਹ ਚੰਗਾ ਨਹੀਂ ਲਗਦਾ, ਪਰ ਫੇਰ ਵੀ ਉਹ ਕਰੀ ਜਾਂਦਾ ਏ।

ਰਾਮ ਲਾਲ : ਕੀ ਤੁਹਾਨੂੰ ਇਥੇ ਕੰਮ ਕਰਨਾ ਚੰਗਾ ਨਹੀਂ ਲਗਦਾ ?

ਸੁਰਜੀਤ : ਮੈਂ ਆਪਣੀ ਛੋਟੀ ਜਿਹੀ ਜ਼ਿੰਦਗੀ ਵਿਚ ਜੋ ਕੁਝ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ, ਉਹ ਵੇਖਕੇ ਮੈਨੂੰ ਹੁਣ ਕੁਝ ਵੀ ਚੰਗਾ ਨਹੀਂ ਲਗਦਾ।

ਰਾਮ ਲਾਲ : ਹਾਂ ਬੀਬੀ ਜੀ, ਤੁਸੀਂ ਬਹੁਤ ਕੁਝ ਭਿਆਨਕ ਵੇਖਿਆ ਏ। ਜਿਸ ਦੀਆਂ ਅੱਖਾਂ ਸਾਹਮਣੇ ਉਹਦੇ ਪਿਆਰਿਆਂ ਨੂੰ ਖਤਮ ਕੀਤਾ ਜਾਵੇ ਇਸ ਤੋਂ ਵੱਡਾ ?

ਸੁਰਜੀਤ : ਉਹਨਾਂ ਮੇਰੀਆਂ ਅੱਖਾਂ ਸਾਹਮਣੇ ਭਾਪਾ ਜੀ ਨੂੰ ਮਾਰਿਆ।ਮੇਰੇ ਨਿੱਕੇ ਭਰਾਵਾਂ ਨੂੰ ਮਾਰਿਆ, ਬੀ ਜੀ ਨੇ ਉਹਨਾਂ ਉਤੇ ਲੇਟਕੇ ਉਹਨਾਂ ਨੂੰ ਬਚਾਉਣਾ ਚਾਹਿਆ।ਉਹਨਾਂ ਨੇ ਬੀ ਜੀ ਨੂੰ ਵੀ ਮਾਰ ਦਿੱਤਾ।ਮੇਰੇ ਤਰਲੇ, ਮੇਰੀਆਂ ਚੀਕਾਂ ਦੀ ਉਹਨਾਂ ਨੇ ਕੋਈ ਪ੍ਰਵਾਹ ਨਾ ਕੀਤੀ।

ਰਾਮ ਲਾਲ : ਤੁਸੀਂ ਉਹਨਾਂ ਨੂੰ ਪਛਾਣਦੇ ਹੋ ?

ਸੁਰਜੀਤ : ਹਾਂ ਮੈਂ ਪਛਾਣਦੀ ਹਾਂ ਤੇ ਉਹਨਾਂ ਦੇ ਇਲਾਵਾ ਹੋਰਨਾਂ ਕਈਆਂ ਨੂੰ ਪਛਾਣਨ ਲਗ ਪਈ ਹਾਂ।... ਰਾਮ ਲਾਲ ਜੀ ਮੈਂ ਇਕ ਜ਼ਰੂਰੀ ਚਿੱਠੀ ਲਿਖਣੀ ਏ।

ਰਾਮ ਲਾਲ : ਤੁਹਾਡੇ ਵਾਲੇ ਕਮਰੇ ਦੀ ਸਫਾਈ ਤਾਂ ਮੈਂ ਕਰ ਦਿੱਤੀ ਹੈ।

ਸੁਰਜੀਤ : ਸ਼ੁਕਰੀਆ, ਫੇਰ ਮੈਂ ਉਥੇ ਹੀ ਬੈਠਦੀ ਹਾਂ।

ਰਾਮ ਲਾਲ : ਕੋਈ ਚਾਹ ਵਗ਼ੈਰਾ ਦੀ ਲੋੜ ਏ ਤਾਂ ਮੈਂ ਲੈ ਆਵਾਂ ?

ਸੁਰਜੀਤ : ਨਹੀਂ, ਅੱਜ ਤਾਂ ਪੀਕੇ ਹੀ ਆਈ ਹਾਂ। (ਜਾਂਦੀ ਹੈ)

ਰਾਮ ਲਾਲ : (ਉਹਦੇ ਜਾਣ ਦੇ ਬਾਅਦ ਆਪਣੇ ਆਪ ਵਿਚ) ਦੁੱਖ ਬੰਦੇ ਨੂੰ ਕਿੰਨਾ ਸਿਆਣਾ ਬਣਾ ਦੇਂਦਾ ਹੈ। ਕਿਸੇ ਨਾਲ ਬੋਲਣ ਦੀ ਜਾਚ ਕੋਈ ਸਾਡੀ ਬੀਬੀ ਕੋਲੋਂ ਸਿਖੇ, ਇਹ ਵੀ ਚੰਗਾ ਏ ਕਿ ਦਫਤਰ ਵਿਚ ਦਿਨ ਦਾ ਸ਼ੁਰੂ ਇਹਨਾਂ ਨਾਲ ਗਲ ਕਰਨ 'ਤੇ ਹੁੰਦਾ ਹੈ ਨਹੀਂ ਤਾਂ ਸੁਪਰੀਡੈਂਟ ਸਾਹਿਬ ਤਾਂ ਆਉਂਦਿਆਂ ਹੀ ਖਾਣ ਨੂੰ ਪੈਂਦੇ ਹਨ; ਪਤਾ ਨਹੀਂ ਘਰੋਂ ਲੜਕੇ ਆਉਂਦੇ ਹਨ।

(ਦ੍ਰਿਸ਼ ਬਦਲੀ ਦਾ ਸੰਗੀਤ, ਸੁਰਜੀਤ ਇਕ ਚਿੱਠੀ ਲਿਖ ਰਹੀ ਹੈ।)

ਸੁਰਜੀਤ : (ਚਿੱਠੀ ਲਿਖਦੇ ਹੋਏ) ਹਾਂ ਸੁਧੀਰ, ਅੱਜ ਦਫਤਰ ਮੈਂ ਅੱਧਾ ਘੰਟਾ ਪਹਿਲਾਂ ਆ ਗਈ ਹਾਂ, ਮੈਂ ਇਕਾਂਤ ਵਿਚ ਬੈਠਕੇ ਤੈਨੂੰ ਚਿੱਠੀ ਲਿਖਣਾ ਚਾਹੁੰਦੀ ਹਾਂ।ਇਹ ਸ਼ਾਇਦ ਮੇਰੀ ਤੇਰੇ ਵੱਲ ਆਖਰੀ ਚਿੱਠੀ ਹੋਵੇਗੀ।ਮੈਂ ਉਸ ਸ਼ਹਿਰ ਨਾਲ ਨਾਤਾ ਤੋੜ ਲਿਆ ਹੈ, ਜਿਥੇ ਕਿਸੇ ਵੇਲੇ ਮੇਰੇ ਮਾਤਾ-ਪਿਤਾ ਰਹਿੰਦੇ ਸਨ, ਜਿਥੇ ਮੈਂ ਜੰਮੀ ਪਲੀ ਸਾਂ ਤੇ ਜਿਥੇ ਤੂੰ ਰਹਿੰਦਾ ਏ। ਜੇ ਅੱਜ ਮੈਂ ਤੇਰੇ ਨਾਲ ਵੀ ਨਾਤਾ ਤੋੜਣ

ਦੀ ਸੂਚਨਾ ਲਿਖ ਰਹੀ ਹਾਂ ਤਾਂ ਮੇਰੇ ਦਿਮਾਗ ਵਿਚ ਸਭ ਕੁਝ ਫਿਲਮ ਦੀ ਰੀਲ ਵਾਂਗ ਲੰਘ ਰਿਹਾ ਏ। ਤੈਨੂੰ ਪਤਾ ਏ ਕਿ ਮੇਰੇ ਨਾਂ ਨਾਲ ਇਕ ਧਰਮ ਜੁੜਿਆ ਹੋਇਆ ਏ। ਇਹ ਧਰਮ ਸਾਡੀ ਆਪਣੀ ਚੋਣ ਨਹੀਂ ਹੁੰਦਾ। ਜਿਸ ਧਰਮ ਦੇ ਮਾਪਿਆਂ ਦੇ ਘਰ ਅਸੀਂ ਜਨਮ ਲਈਏ, ਉਹ ਸਾਡਾ ਧਰਮ ਹੁੰਦਾ ਹੈ। ਪਿਛਲੇ ਕਈ ਸਾਲਾਂ ਤੋਂ ਧਰਮ ਦੇ ਨਾਂ ਤੇ ਜੋ ਕੁਝ ਵਾਪਰਿਆ ਹੈ, ਹੁਣ ਹਰ ਸੋਚਣ ਵਾਲਾ ਆਸਤਕਤਾ ਅਤੇ ਨਾਸਤਕਤਾ ਦੇ ਚੱਕਰ ਵਿਚ ਪਏ ਬਿਨਾਂ ਇਹ ਏਲਾਨੀਆਂ ਕਹਿਣ 'ਤੇ ਮਜ਼ਬੂਰ ਏ ਕਿ ਉਹਦਾ ਕਿਸੇ ਧਰਮ ਨਾਲ ਕੋਈ ਨਾਤਾ ਨਹੀਂ, ਕੋਈ ਰਿਸ਼ਤਾ ਨਹੀਂ। ਤੈਨੂੰ ਮੇਰੇ ਵਿਚਾਰਾਂ ਦਾ ਪਹਿਲੇ ਵੀ ਪਤਾ ਸੀ। ਬੜੀ ਵਾਰੀ ਦੇਸ਼ ਦੇ ਇਕ ਹਿੱਸੇ ਤੋਂ ਇਕ ਧਰਮ ਵਾਲੇ ਬੰਦਿਆਂ ਹਥੋਂ ਦੂਜੇ ਧਰਮ ਦੇ ਬੰਦਿਆਂ ਨੂੰ ਬੱਸਾਂ ਵਿਚੋਂ ਕੱਢ ਕੇ ਮਾਰਨ ਦੀਆਂ ਖ਼ਬਰਾਂ ਆਉਂਦੀਆਂ ਤਾਂ ਸਾਰਾ ਦੁੱਖ ਸਾਂਝਾ ਹੁੰਦਾ ਸੀ, ਇਹ ਦੁੱਖ ਸਾਂਝਾ ਹੋਣਾ ਹੀ ਚਾਹੀਦਾ ਸੀ। ਪਰ ਇਕ ਗਲ ਮੇਰੇ ਮਨ ਵਿਚ ਗੰਢ ਬਣਕੇ ਬੈਠੀ ਹੋਈ ਹੈ, ਜੋ ਤੇਰੀ ਚਿੱਠੀ ਨਾ ਆਉਂਦੀ ਤਾਂ ਮੈਂ ਇਹ ਗੰਢ ਕਦੀ ਨਾ ਖੋਲਦੀ ਤਾਂ ਇਸ ਪੀੜ ਨੂੰ ਚੁੱਪ ਚੁਪੀਤੇ ਸਹਿੰਦੀ ਜਾਂਦੀ।... .. ਤੂੰ ਗਿਲਾ ਕੀਤਾ ਹੈ ਕਿ ਇਥੇ ਪੁੱਜਕੇ ਮੈਂ ਤੈਨੂੰ ਇਕ ਵੀ ਚਿੱਠੀ ਨਹੀਂ ਪਾਈ ਤੇ ਤੈਨੂੰ ਮੇਰਾ ਪਤਾ ਲੱਭਣ ਵਿਚ ਬੜੀ ਭੱਜ ਦੌੜ ਕਰਨੀ ਪਈ ਏ। ਮੈਂ ਚਿੱਠੀ ਨਹੀਂ ਪਾਈ ਕਿਉਂਕਿ ਮੈਂ ਚਿੱਠੀ ਪਾਉਣਾ ਹੀ ਨਹੀਂ ਚਾਹੁੰਦੀ ਸੀ। ਇਹਦਾ ਕਾਰਨ ਹੈ ਜਦੋਂ ਮੇਰੇ ਮਾਤਾ ਪਿਤਾ ਭਾਈ ਸਭ ਮੇਰੀਆਂ ਅੱਖਾਂ ਅਗੇ ਕੋਹੇ ਗਏ ਤਾਂ ਤੇਰੀ ਇਕ ਗੱਲ ਨੇ ਮੈਨੂੰ ਉਸ ਦੁੱਖ ਤੋਂ ਵੀ ਵੱਧ ਦੁੱਖ ਪੁਚਾਇਆ, ਜਦੋਂ ਤੂੰ ਕਿਹਾ 'ਜੀਤ, ਬਹੁਤ ਬੁਰਾ ਹੋਇਆ ਏ, ਸ਼ਾਇਦ ਤੇਰੇ ਧਰਮ ਦੇ ਲੋਕ ਦੇਸ਼ ਦੇ ਇਕ ਹਿੱਸੇ ਵਿਚ ਜੋ ਕਰ ਰਹੇ ਸਨ ਉਹਦਾ ਨਤੀਜਾ ਇਹੀ ਨਿਕਲਣਾ ਸੀ'... .. ਮੇਰੇ ਧਰਮ ਦੇ ਲੋਕ ? ਤੂੰ ਮੈਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ ਮੇਰੇ ਆਪਣੇ ਧਰਮ ਦੇ ਉਹਨਾਂ ਲੋਕਾਂ ਨਾਲ ਕੋਈ ਸਬੰਧ ਨਹੀਂ ਸੀ ਜੋ ਗ਼ੈਰਇਨਸਾਨੀ ਹਰਕਤਾਂ ਕਰਦੇ ਨੇ ਜਾਂ ਕਰਦੇ ਰਹੇ ਹਨ। ਫੇਰ ਤੇਰੇ ਮੂੰਹੋਂ ਇਹ ਮਿਹਣਾ ਕਿਉਂ ਨਿਕਲਿਆ ?... .. ਹਾਂ ਕਿਉਂ ਨਿਕਲਿਆ, ਇਸ ਬਾਰੇ ਮੈਂ ਬੜਾ ਹੀ ਸੋਚਿਆ ਤੇ ਮੈਂ ਇਹ ਸਮਝ ਗਈ ਕਿ ਇਹ ਕਹਿਕੇ ਤੂੰ ਉਹਨਾਂ ਨਾਲ ਆਪਣਾ ਰਿਸ਼ਤਾ ਜੋੜ ਲਿਆ ਹੈ ਜਿਨ੍ਹਾਂ ਨੇ ਮੇਰੇ ਮਾਤਾ ਪਿਤਾ ਭਾਈਆਂ ਨੂੰ ਮਾਰਿਆ।...ਇਸ ਲਈ ਹੁਣ ਮੇਰੇ ਤੇ ਤੇਰੇ ਦਰਮਿਆਨ ਕੋਈ ਰਿਸ਼ਤਾ ਹੋ ਵੀ ਕੀ ਸਕਦਾ ਏ ?... ਬਸ ਹੋਰ ਕੀ ਲਿਖਾਂ ? ਤੇਰੀ... ਨਹੀਂ ਜੋ

ਕਿਸੇ ਵੇਲੇ ਤੇਰੀ ਸੀ, ਪਰ ਹੁਣ ਨਹੀਂ... .. ਸੁਰਜੀਤ

(ਚਿੱਠੀ ਲਿਖਕੇ ਬੰਦ ਕਰਦੀ ਹੈ, ਜਦੋਂ ਰਾਮ ਲਾਲ ਆਉਂਦਾ ਹੈ।)

ਰਾਮ ਲਾਲ : ਬੀਬੀ ਜੀ, ਤੁਹਾਨੂੰ ਸਾਹਿਬ ਨੇ ਬੁਲਾਇਆ ਏ, ਸੁਪਰੀਡੈਂਟ ਸਾਹਿਬ ਵੀ ਅੰਦਰ ਨੇ।

ਸੁਰਜੀਤ : ਉਹ ਆ ਗਏ ? ਸੱਚੀ ਸਵਾ ਨੌਂ ਵਜ ਗਏ ਨੇ ਤੇ ਮੈਨੂੰ ਪਤਾ ਹੀ ਨਹੀਂ ਲਗਾ। (ਚਿੱਠੀ ਦੇਂਦੇ ਹੋਏ) ਰਾਮ ਲਾਲ ਜੀ, ਇਹ ਚਿੱਠੀ ਪੋਸਟ ਕਰ ਦੇਣੀ।

ਰਾਮ ਲਾਲ : ਜੀ, ਬੀਬੀ ਜੀ।

(ਜਾਂਦੀ ਹੈ ਸੰਗੀਤ ਵੱਜਦਾ ਹੈ।)

(ਸੁਰਜੀਤ ਦੇ ਤਿੰਨ ਕੁਲੀਗਜ਼ ਚੌਪੜਾ ਜੀ, ਹਰਭਜਨ ਸਿੰਘ ਤੇ ਮਹਿੰਦਰ ਲਾਲ ਸੁਰਜੀਤ ਨੂੰ ਜਾਂਦਿਆਂ ਵੇਖਦੇ ਹਨ ਤੇ ਫੇਰ ਆਪਸੀ ਗਲਬਾਤ ਕਰਦੇ ਹਨ।)

ਚੌਪੜਾ ਜੀ : ਰਾਮ ਲਾਲ ਜੀ, ਇਹ ਚਿੱਠੀ ਜ਼ਰਾ ਵਿਖਾਈਂ...

ਰਾਮ ਲਾਲ : ਕਿਉਂ ਬਾਊ ਜੀ ?

ਹਰਭਜਨ ਸਿੰਘ : ਅਸੀਂ ਵੀ ਵੇਖੀਏ, ਇਹ ਚਿੱਠੀ ਚੀਜ਼ ਕੀ ਏ, ਜਿਨੇ ਸਾਡੀ ਸੁਰਜੀਤ ਕੌਰ ਨੂੰ ਇਹ ਵੀ ਸੁਰਤ ਨਹੀਂ ਰਹਿਣ ਦਿੱਤੀ ਕਿ ਜਦੋਂ ਨੌਂ ਵਜ ਗਏ ਨੇ।

ਮਹਿੰਦਰ : ਪਰ ਕਿਸੇ ਦੀ ਚਿੱਠੀ ਇਸ ਤਰ੍ਹਾਂ ਵੇਖਣ ਦਾ ਤੁਹਾਨੂੰ ਕੀ ਹੱਕ ਏ ?

ਚੌਪੜਾ : ਤੈਨੂੰ ਬੜਾ ਦਰਦ ਏ ?

ਮਹਿੰਦਰ : ਦਰਦ ਦੀ ਗੱਲ ਨਹੀਂ, ਅਸੂਲ ਦੀ ਗੱਲ ਏ। ਹਰ ਇਕ ਬੰਦੇ ਦੀ ਆਪਣੀ ਨਿੱਜੀ ਜ਼ਿੰਦਗੀ ਹੁੰਦੀ ਏ। ਜ਼ਿੰਦਗੀ ਦੇ ਨਿੱਕੇ ਨਿੱਕੇ ਭੇਤ ਹੁੰਦੇ ਨੇ।

ਹਰਭਜਨ ਸਿੰਘ : ਉਹ ਹੁਣ ਸਾਡੇ ਵਿਚੋਂ ਇਕ ਏ। ਉਹਦੇ ਦੁੱਖ-ਸੁੱਖ ਦੇ ਭਾਈਵਾਲ ਹਾਂ।

ਮਹਿੰਦਰ : (ਤਨਜ਼ੀਆ) ਸੱਚੀ ਤੁਸੀਂ ਭਾਈਵਾਲ ਜੇ ?

ਚੌਪੜਾ : ਆਹੋ, ਉਹ ਇਕ ਦੁੱਖੀ ਕੁੜੀ ਏ। ਉਹਦੇ ਨਾਲ ਹਮਦਰਦੀ ਸਾਡਾ ਫਰਜ਼ ਏ।

ਮਹਿੰਦਰ : ਜੇ ਫਰਜ਼ ਸਮਝਦੇ ਹੋ ਤਾਂ ਫੇਰ ਮੇਰੀ ਇਕ ਗਲ ਮੰਨ ਲਵੋ, ਜਦੋਂ ਸਵੇਰੇ ਖ਼ਬਰਾਂ ਡਿਸਕਸ ਕਰੋ ਤਾਂ ਕਮਅਜ਼ਕਮ ਆਪਣੇ ਧਰਮਾਂ ਦੀ ਪਹਿਚਾਣ ਨਾ ਜ਼ਾਹਰ ਕਰੋ।

ਚੌਪੜਾ : ਕੀ ਮਤਲਬ ?

ਹਰਭਜਨ ਸਿੰਘ : ਤੂੰ ਕਹਿਣਾ ਕੀ ਚਾਹੁੰਦਾ ਏ ਬਾਊ ਮਹਿੰਦਰ ਨਾਥ ?

ਮਹਿੰਦਰ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਖ਼ਬਰ ਨੂੰ ਸਿਰਫ ਖ਼ਬਰ ਹੀ ਰਹਿਣ ਦਿਆ ਕਰੋ। ਆਪਣੇ ਆਪਣੇ ਧਰਮਾਂ ਦੇ ਲੋਕਾਂ ਦੇ ਗ਼ਲਤ ਕਾਰਨਾਮਿਆਂ ਨੂੰ ਦਲੀਲਾਂ ਦੇਕੇ ਸਹੀ ਸਿਧ ਕਰਨ ਦਾ ਯਤਨ ਨਾ ਕਰਿਆ ਕਰੋ। ਇਹੀ ਚੀਜ਼ ਸੁਰਜੀਤ ਨੂੰ ਸਾਰਿਆਂ ਨਾਲੋਂ ਵੱਧ ਦੁੱਖੀ ਕਰਦੀ ਏ।

ਚੌਪੜਾ : ਤੈਨੂੰ ਕਿਸ ਤਰ੍ਹਾਂ ਪਤਾ ਏ ?

ਮਹਿੰਦਰ : ਮੈਂ ਉਹਦੇ ਹਾਵ ਭਾਵਾਂ ਤੋਂ ਸਮਝਦਾ ਹਾਂ।

ਹਰਭਜਨ ਸਿੰਘ : ਤਾਂ ਤੂੰ ਉਹਦੇ ਹਾਵ ਭਾਵ ਵੇਖਦਾ ਰਹਿੰਦਾ ਏ ?

ਮਹਿੰਦਰ : ਨਾਲ ਦੀ ਸੀਟ ਕੋਈ ਬੈਠਾ ਹੋਵੇ ਤਾਂਉਹ ਜੱਜ ਕਰ ਹੀ ਸਕਦਾ ਹੈ।

ਹਰਭ ਸਿੰਘ : ਹਾਂ ਇਹ ਗੱਲਾਂ ਸੁਣਕੇ ਸ਼ਾਇਦ ਉਹਨੂੰ ਆਪਣੇ ਦੁੱਖ ਯਾਦ ਆ ਜਾਂਦੇ ਹਨ, ਜਿਹੜੇ ਇਕ ਧਰਮ ਦੇ ਲੋਕਾਂ ਨੇ ਉਹਦੇ ਨਾਲ ਕੀਤੇ।

ਮਹਿੰਦਰ : ਉਹਨੇ ਤੇ ਆਪਣਾ ਦੁੱਖ ਕਦੀ ਇਹਨਾਂ ਸ਼ਬਦਾਂ ਵਿਚ ਜਾਹਰ ਨਹੀਂ ਕੀਤਾ। ਉਹਨੇ ਹਮੇਸ਼ਾਂ ਇਹੀ ਕਿਹਾ ਕਿ ਗੁੰਡਿਆਂ ਨੇ ਇਹ ਸਭ ਕੁਝ ਕੀਤਾ ਤੇ ਇਹ ਸੱਚ ਏ ਕਿ ਕੁਝ ਗੁੰਡਿਆਂ ਨੇ ਇਸ ਤਰ੍ਹਾਂ ਕੀਤਾ ਏ।

ਚੌਪੜਾ : ਹਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਸੁਰਜੀਤ ਨੇ ਕਦੀ ਵੀ ਇਸ ਪੱਖ ਤੋਂ ਦੂਜੇ ਧਰਮ ਵਾਲਿਆਂ ਬਾਰੇ ਸ਼ਕਾਇਤ ਨਹੀਂ ਕੀਤੀ।

ਹਰਭਜਨ ਸਿੰਘ : ਚੌਪੜਾ ਜੀ, ਇਹ ਸਾਡੇ ਤੁਹਾਡੇ ਸਾਹਮਣੇ ਨਹੀਂ ਕੀਤੀ ਪਰ ਵਿਚੋਂ ਉਸਨੂੰ ਕੀ ਤਕਲੀਫ ਏ, ਇਹ ਮੈਂ ਹੀ ਜਾਣ ਸਕਦਾ ਹਾਂ।

ਚੌਪੜਾ : ਆਹੋ ਤੁਹਾਡੇ ਨਾਲ ਤਾਂ ਉਹ ਘੁਲਮਿਲਕੇ ਗੱਲ ਕਰਦੀ ਏ।

ਹਰਭਜਨ ਸਿੰਘ : ਉਹ ਨਹੀਂ ਕਰਦੀ, ਉਹਦੇ ਚਾਚਾ ਚਾਚੀ ਤਾਂ ਕਰਦੇ ਨੇ। ਸਾਡੇ ਸੈਕਟਰ ਵਿਚ ਹੀ ਰਹਿੰਦੇ ਨੇ। ਅਕਸਰ ਗੱਲਾਂ ਹੁੰਦੀਆਂ ਨੇ।

ਮਹਿੰਦਰ : ਚਾਚਾ ਚਾਚੀ ਜੋ ਮਰਜ਼ੀ ਕਰਨ, ਪਰ ਉਹ ਨਹੀਂ ਕਰਦੀ। ਉਹ ਸਾਡੀ ਕੁਲੀਗ ਹੈ, ਸਾਨੂੰ ਉਹਦੇ ਬਾਰੇ ਕੋਈ ਵਾਧੂ ਘਾਟੂ ਗੱਲ ਨਹੀਂ ਕਰਨੀ ਚਾਹੀਦੀ।

ਹਰਭਜਨ ਸਿੰਘ : ਜੇ ਉਹ ਸਾਨੂੰ ਕੁਲੀਗ ਸਮਝੇ ਤਾਂ ਹੀ ਨਾ।

ਚੌਪੜਾ : (ਤਨਜ਼ ਨਾਲ) ਹਰਭਜਨ ਸਿੰਘ ਹੋਰਾਂ ਨੂੰ ਤਾਂ ਸ਼ਕਾਇਤ ਹੀ ਇਹੀ ਹੈ।

ਮਹਿੰਦਰ : (ਆਪਣੇ ਆਪ ਵਿਚ) ਅਸੀਂ ਇਨਸਾਨੀਅਤ ਤੋਂ ਡਿੱਗੇ ਹੋਏ ਇਨਸਾਨ ਹਾਂ।

ਚੌਪੜਾ : ਕੀ ਕਿਹਾ ?

ਹਰਭਜਨ ਸਿੰਘ : ਜ਼ਰਾ ਫੇਰ ਫਰਮਾਉਣਾ।

ਮਹਿੰਦਰ : ਇਹੀ ਕਿ ਅਸੀਂ ਇਨਸਾਨੀਅਤ ਤੋਂ ਡਿੱਗੇ ਇਨਸਾਨ ਹਾਂ।

(ਘੰਟੀ ਵਜਦੀ ਹੈ, ਰਾਮ ਲਾਲ ਆਉਂਦਾ ਹੈ ਤੇ ਫੇਰ ਬਾਹਰ ਆਕੇ।)

ਰਾਮ ਲਾਲ : ਬਾਊ ਮਹਿੰਦਰ ਨਾਥ ਜੀ, ਤੁਹਾਨੂੰ ਸਾਹਿਬ ਨੇ ਅੰਦਰ ਬੁਲਾਇਆ ਏ।

(ਮਹਿੰਦਰ ਜਾਂਦਾ ਹੈ।)

ਚੌਪੜਾ : ਰਾਮ ਲਾਲ, ਹੋਰ ਅੰਦਰ ਕੌਣ ਏ ?

ਰਾਮ ਲਾਲ : ਸੁਪਰੀਡੈਂਟ ਸਾਹਿਬ ਨੇ, ਬੀਬੀ ਸੁਰਜੀਤ ਏ ਤੇ ਸਾਹਿਬ ਨੇ।

ਹਰਭਜਨ ਸਿੰਘ : ਕੋਈ ਖਾਸ ਗੱਲ ਹੀ ਲਗਦੀ ਏ, ਜਿਹੜਾ ਸਵੇਰੇ ਸਵੇਰੇ ਮੀਟਿੰਗਾਂ ਸ਼ੁਰੂ ਹੋ ਗਈਆਂ ਨੇ।

ਚੌਪੜਾ : ਮੈਨੂੰ ਤਾਂ ਉਹ ਕਲ੍ਹ ਵਾਲੀ ਗੱਲ ਹੀ ਲਗਦੀ ਏ। ਬੜਾ ਵੱਡਾ ਗ਼ਬਨ ਏ। ਸਾਹਿਬ ਨੂੰ ਆਪ ਤਫ਼ਤੀਸ਼ ਲਈ ਜਾਣਾ ਪਏਗਾ। ਫਾਈਲ ਨਾਲ ਤਾਂ ਸੁਰਜੀਤ ਹੀ ਪਿਛਲੇ ਕਈ ਮਹੀਨਿਆਂ ਤੋਂ ਡੀਲ ਕਰ ਰਹੀ ਹੈ।

ਹਰਭਜਨ ਸਿੰਘ : ਫਾਈਲ ਤਾਂ ਸੁਰਜੀਤ ਦੀ ਏ ਤੇ ਫੇਰ ਉਸ ਵਡੇ ਇਨਸਨ ਨੂੰ ਅੰਦਰ ਕਿਉਂ ਬੁਲਾਇਆ ਏ ?

ਚੌਪੜਾ : ਸਟੋਰ ਜਿਹੜੇ ਟਾਊਨ ਦੇ ਨੇੜੇ ਏ, ਮਹਿੰਦਰ ਵੀ ਤਾਂ ਉਥੋਂ ਦਾ ਹੀ ਰਹਿਣ ਵਾਲਾ ਏ, ਸ਼ਾਇਦ ਕੁਝ ਇਨਫਰਮੇਸ਼ਨ ਲੈਣੀ ਹੋਵੇ।

ਹਰਭਜਨ ਸਿੰਘ : ਇਹਦਾ ਮਤਲਬ ਏ ਕਿ ਹੁਣ ਇਥੋਂ ਤਫ਼ਤੀਸ਼ ਪਾਰਟੀ ਜਾਵੇਗੀ, ਸਾਹਿਬ ਵੀ ਜਾਣਗੇ ਤੇ ਡੀਲਿੰਗ ਹੈੱਡ ਸੁਰਜੀਤ ਵੀ ਜਾਏਗੀ।

ਚੌਪੜਾ : ਕੀ ਖਿਆਲ ਏ ਕਿ ਕਿੰਨੇ ਦਿਨ ਲੱਗ ਜਾਣਗੇ ?

ਹਰਭਜਨ ਸਿੰਘ : ਦਿਨ ਦੋ ਵੀ ਲੱਗ ਸਕਦੇ ਨੇ ਤੇ ਚਾਰ ਵੀ ਲਗ ਸਕਦੇ ਨੇ ਤੇ ਰਾਤਾਂ ਵੀ ਲਗਣਗੀਆਂ ਹੀ।

ਚੌਪੜਾ : ਹਾਂ ਰਾਤ ਵੇਲੇ ਮੁੜਿਆ ਤਾਂ ਜਾ ਨਹੀਂ ਸਕਦਾ, ਉਥੇ ਰੈਸਟ ਹਾਊਸ ਵਿਚ ਰਹਿਣਗੇ।

ਹਰਭਜਨ ਸਿੰਘ : ਰੈਸਟ ਹਾਊਸ ਵਿਚ ਰਹਿਣਗੇ ਜਾਂ ਘਰ ਰਹਿਣਗੇ ਪਰ ਰਾਤ ਤਾਂ ਰਹਿਣਗੇ ਹੀ।

ਚੌਪੜਾ : ਮੇਰਾ ਖਿਆਲ ਏ ਮਹਿੰਦਰ ਨੂੰ ਤਾਂ ਹੀ ਬੁਲਾਇਆ ਏ, ਸ਼ਾਇਦ ਸੁਰਜੀਤ ਉਹਨਾਂ ਦੇ ਘਰ ਹੀ ਰਹੇ।

ਹਰਭਜਨ ਸਿੰਘ : ਹਾਂ ਇਹ ਮੁਮਕਿਨ ਹੈ।

ਚੌਪੜਾ : ਪਰ ਸਾਨੂੰ ਇਸਦਾ ਫਿਕਰ ਨਹੀਂ ਕਰਨਾ ਚਾਹੀਦਾ।

ਹਰਭਜਨ ਸਿੰਘ : ਹਾਂ ਸਾਨੂੰ ਫਿਕਰ ਨਹੀਂ ਕਰਨਾ ਚਾਹੀਦਾ।

ਚੌਪੜਾ : ਜ਼ਿੰਦਗੀ ਇਸ ਤਰ੍ਹਾਂ ਚਲਦੀ ਏ।

ਹਰਭਜਨ ਸਿੰਘ : ਹਾਂ ਜ਼ਿੰਦਗੀ ਇਸ ਤਰ੍ਹਾਂ ਚਲਦੀ ਏ।

(ਸੀਨ ਬਦਲੀ ਦਾ ਸੰਗੀਤ)

ਚੌਪੜਾ : (ਉਬਾਸੀ ਲੈਂਦੇ ਹੋਏ) ਅੱਜ ਦਫਤਰ ਪੂਰੇ ਦਾ ਪੂਰਾ ਖਾਲੀ ਏ, ਕੋਈ ਰੌਣਕ ਨਹੀਂ।

ਹਰਭਜਨ ਸਿੰਘ : ਰੌਣਕਾਂ ਦੌਰੇ 'ਤੇ ਗਈਆਂ ਹੋਈਆਂ ਨੇ।

ਚੌਪੜਾ : ਬਈ ਇਕ ਗੱਲ ਏ, ਸੁਰਜੀਤ ਭਾਵੇਂ ਕਿਸੇ ਨਾਲ ਫਾਲਤੂ ਗੱਲ ਨਹੀਂ ਕਰਦੀ, ਪਰ ਉਹਦਾ ਦਫਤਰ ਵਿਚ ਹਾਜ਼ਰ ਹੋਣਾ ਹੀ ਚੰਗਾ ਚੰਗਾ ਲਗਦਾ ਏ।

ਹਰਭਜਨ ਸਿੰਘ : ਰਾਮ ਲਾਲ ਦੱਸਦਾ ਸੀ ਕਿ ਸਾਹਿਬ ਤਾਂ ਰਾਤੀਂ ਆ ਗਏ ਨੇ।

ਚੌਪੜਾ : ਰਾਮ ਲਾਲ ਨੇ ਇਹ ਨਹੀਂ ਦੱਸਿਆ ਕਿ ਸਾਰੀ ਪਾਰਟੀ ਹੀ ਆ ਗਈ ਏ।

ਹਰਭਜਨ ਸਿੰਘ : ਹੋਰ ਦੱਸਦਾ ਸੀ ਕਿ ਕਾਫੀ ਵੱਡਾ ਗ਼ਬਨ ਦਾ ਕੇਸ ਏ। ਚੈਕਿੰਗ ਤੇ ਸੌ ਬੋਰੀਆਂ ਘੱਟ ਨਿਕਲੀਆਂ ਨੇ।

ਚੌਪੜਾ : ਆਹੋ ਉਥੇ ਮਹਿਤਾ ਲਗਿਆ ਹੋਇਆ ਏ। ਤੇਰੇ ਆਉਣ ਤੋਂ ਪਹਿਲਾਂ ਇਥੇ ਹੀ ਸੀ। ਕਾਫੀ ਚਾਲੂ ਕਿਸਮ ਦਾ ਬੰਦਾ ਏ।

ਹਰਭਜਨ ਸਿੰਘ : ਉਹਨੇ ਸੋਚਿਆ ਹੋਣਾ ਏ, ਬਾਰਡਰ ਦੇ ਨੇੜੇ ਸਟੋਰ ਏ। ਹਾਲਾਤ ਬੜੇ ਖਰਾਬ ਨੇ, ਕਿਹੜਾ ਕਿਸੇ ਨੇ ਚੈਕਿੰਗ ਕਰਨੀ ਏ, ਕਰ ਲਓ ਘਾਲਾ ਮਾਲਾ।

ਚੌਪੜਾ : ਹੈਰਾਨੀ ਵਾਲੀ ਗੱਲ ਏ ਕਿ ਹਾਲਾਤ ਐਸੇ ਹੋਣ ਕਿ ਕੋਈ ਦਿਨ ਐਸਾ ਨਾ ਲੰਘੇ ਜਦੋਂ ਪੰਜ ਦਸ ਮੌਤਾਂ ਨਾ ਹੋਣ ਪਰ ਘਾਲੇ ਮਾਲੇ ਫੇਰ ਵੀ ਉਸੇ ਤਰ੍ਹਾਂ ਚਲਦੇ ਜਾਂਦੇ ਨੇ।

ਹਰਭਜਨ ਸਿੰਘ : ਚੌਪੜਾ ਜੀ, ਘਾਲੇ ਮਾਲੇ ਜ਼ਿੰਦਗੀ ਦਾ ਹਿੱਸਾ ਨੇ, ਜੇ ਜ਼ਿੰਦਗੀ ਚਲਦੀ ਜਾਂਦੀ ਏ ਤੇ ਘਾਲੇ ਮਾਲੇ ਵੀ ਚਲਦੇ ਜਾਂਦੇ ਨੇ।

ਚੌਪੜਾ : (ਫਲਸਫੇ ਦੇ ਅੰਦਾਜ਼ ਵਿਚ) ਜ਼ਿੰਦਗੀ ਬੜੀ ਢੀਠ ਚੀਜ਼ ਏ, ਸਭ ਕੁਝ ਸਹਿਨ ਕਰੀ ਜਾਂਦੀ ਏ।

(ਸੀਨ ਬਦਲੀ ਦਾ ਸੰਗੀਤ ਤੇ ਇਹੋ ਲਾਈਨਾਂ ਅਗਲੀ ਵਾਰਤਾ ਵਿਚ ਪਕੜੀ ਜਾਂਦੀ ਹੈ।)

ਸੁਰਜੀਤ : ਹਾਂ ਮੁਹਿੰਦਰ ਜੀ, ਜ਼ਿੰਦਗੀ ਸਭ ਕੁਝ ਸਹਿਨ ਕਰ ਲੈਂਦੀ ਏ। ਵੱਡੇ ਤੋਂ ਵੱਡਾ ਦੁੱਖ। ਤੁਹਾਡੇ ਘਰ ਦੋ ਦਿਨ ਰਹੀ। ਆਪਣੇ ਬੀਜੀ, ਭਾਪਾ ਜੀ ਯਾਦ ਆ ਗਏ। ਇੰਝ ਲਗਾ ਜਿਸ ਤਰ੍ਹਾਂ ਸਭ ਦੁੱਖ ਭੁੱਲ ਗਏ

ਨੇ। ਸਭ ਕੁਝ ਬੜਾ ਚੰਗਾ ਚੰਗਾ ਲਗਾ।

ਮਹਿੰਦਰ : ਮੈਨੂੰ ਖੁਸ਼ੀ ਏ ਕਿ ਤੁਹਾਨੂੰ ਸਭ ਕੁਝ ਚੰਗਾ ਲਗਾ। ਮੈਨੂੰ ਤਾਂ ਫਿਕਰ ਸੀ...।

ਸੁਰਜੀਤ : ਕੀ ਫਿਕਰ ਸੀ ?

ਮਹਿੰਦਰ : ਤੁਸੀਂ ਇਕ ਐਸੇ ਸ਼ਹਿਰ ਵਿਚ ਜੰਮੇ ਪਲੇ ਜਿਥੇ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਹਨ। ਫੇਰ ਇਥੇ ਵੀ ਆਪਣੇ ਤੇ ਇਹ ਵੀ ਸ਼ਹਿਰ ਤਾਂ ਦੇਸ਼ ਦੇ ਖੂਬਸੂਰਤ ਸ਼ਹਰਿਾਂ ਵਿਚ ਗਿਣਿਆ ਜਾਂਦਾ ਏ ਤਾਂ ਕਿਥੇ ਉਹ ਸਾਡਾ ਕਸਬਾ...।

ਸੁਰਜੀਤ : ਗਲ ਸ਼ਹਿਰਾਂ ਕਸਬਿਆਂ ਦੀ ਨਹੀਂ ਹੁੰਦੀ, ਬੰਦਿਆਂ ਦੀ ਹੁੰਦੀ ਏ। ਤੁਹਾਡੇ ਪਿਤਾ ਜੀ ਇਕ ਸ਼ਾਨਦਾਰ ਸ਼ਖਸੀਅਤ ਹਨ।

ਮਹਿੰਦਰ : ਹਾਂ ਕਈ ਮਾਮਲਿਆਂ ਵਿਚ ਉਹ ਆਪਣੇ ਆਪ ਵਿਚ ਇਕ ਮਿਸਾਲ ਹਨ।

ਸੁਰਜੀਤ : ਮੈਂ ਤਾਂ ਇਸ ਗੱਲ 'ਤੇ ਹੈਰਾਨ ਹਾਂ ਕਿ ਜਿਸ ਆਲੇ ਦੁਆਲੇ ਵਿਚ ਉਹ ਰਹਿ ਰਹੇ ਨੇ। ਉਥੇ ਹਰ ਵੇਲੇ ਹੀ ਖਤਰਾ ਏ। ਪਰ ਉਹਨਾਂ ਨੇ ਨਾ ਕੋਈ ਸ਼ਕਾਇਤ ਕੀਤੀ, ਨਾ ਕੋਈ ਡਰ ਜ਼ਾਹਿਰ ਕੀਤਾ, ਸਗੋਂ ਜਦੋਂ ਮੈਂ ਜ਼ਿਕਰ ਕੀਤਾ ਤਾਂ ਕਹਿਣ ਲਗੇ... ..

ਮਹਿੰਦਰ : ਕੀ ਕਹਿਣ ਲਗੇ ?

ਸੁਰਜੀਤ : ਦੇਸ਼ਾਂ ਦੇ ਇਤਿਹਾਸ ਵਿਚ ਇਹੋ ਜਿਹੇ ਪਲ ਆਉਂਦੇ ਹਨ, ਜਦੋਂ ਸਭ ਕੁਝ ਤਹਿਸ਼ ਨਹਿਸ਼ ਹੁੰਦਾ ਦਿਸਦਾ ਹੈ, ਪਰ ਫੇਰ ਉਹ ਪਲ ਲੰਘ ਜਾਂਦੇ ਹਨ ਤੇ ਸਭ ਕੁਝ ਸਾਧਾਰਨ ਹੋ ਜਾਂਦਾ ਹੈ। ਇਸ ਲਈ ਬੰਦੇ ਨੂੰ ਵਿਸ਼ਵਾਸ਼ ਨਾਲ ਜ਼ਿੰਦਗੀ 'ਤੇ ਪਕੜ ਬਣਾਈ ਰਖੀ ਰਹਿਣੀ ਚਾਹੀਦੀ ਹੈ। ਕੋਈ ਡੂੰਘੀ ਸੋਚ ਵਾਲੀ ਸ਼ਖਸੀਅਤ ਹੀ ਇਹੋ ਜਿਹੀਆਂ ਗੱਲਾਂ ਕਰ ਸਕਦੀ ਹੈ।

ਮਹਿੰਦਰ : ਉਹ ਸਕੂਲ ਵਿਚ ਟੀਚਰ ਰਹੇ ਹਨ। ਜੋ ਪੜ੍ਹਦੇ ਰਹੇ ਨੇ, ਉਹ ਪ੍ਰੈਕਟਿਸ ਵੀ ਕਰਦੇ ਰਹੇ ਨੇ। ਸਾਰੇ ਇਲਾਕੇ ਵਿਚ ਉਹਨਾਂ ਦੀ ਇਜ਼ਤ ਸਤਿਕਾਰ ਏ, ਇਸੇ ਲਈ ਜਦੋਂ ਬਾਕੀ ਦੇ ਲੋਕ ਆਪਣੇ ਘਰ ਖਾਲੀ ਕਰਕੇ ਆ ਵੀ ਗਏ ਨੇ, ਉਹ ਉਥੋਂ ਆਉਣਾ ਨਹੀਂ ਮੰਨੇ।

ਸੁਰਜੀਤ : ਤੁਸੀਂ ਉਹਨਾਂ ਨੂੰ ਇਥੇ ਆਪਣੇ ਕੋਲ ਲੈ ਆਵੋ। ਅੱਜ ਦੇ ਸਮੇਂ ਵਿਚ ਕੋਈ ਭੂਤਰਿਆ ਹੋਇਆ ਦਿਮਾਗ਼ ਕੋਈ ਵੀ ਗਲਤੀ ਕਰ ਸਕਦਾ ਏ।

ਮਹਿੰਦਰ : ਮੇਰੇ ਨਾਲੋਂ ਤੁਹਾਨੂੰ ਬਹੁਤਾ ਫਿਕਰ ਲਗਦਾ ਏ।

ਸੁਰਜੀਤ : ਮੇਰੇ 'ਤੇ ਬੀਤ ਚੁੱਕੀ ਏ।

ਮਹਿੰਦਰ : ਮੈਂ ਸਮਝਦਾ ਹਾਂ... ਹਾਂ ਅਜਤੇ ਰਾਹ 'ਤੇ ਮੇਰਾ ਸਾਥ ਦੇਣਾ ਸਵੀਕਾਰ ਕਰੋਗੇ ?

ਸੁਰਜੀਤ : ਅਜ ਤੇ... ਤੁਸੀਂ ਕਿਉਂ ਜ਼ੋਰ ਦੇਕੇ ਕਿਹਾ ਏ ?

ਮਹਿੰਦਰ : ਪਿਛਲੇ 6 ਮਹੀਨੇ ਤੋਂ ਤੁਸੀਂ ਇਸ ਦਫਤਰ ਵਿਚ ਕੰਮ ਕਰ ਰਹੇ ਹੋ ਪਰ ਤੁਸੀਂ ਕਦੀ ਕਿਸੇ ਦਾ ਦਾਅਵਤਨਾਮਾ ਕਬੂਲ ਨਹੀਂ ਕੀਤਾ, ਸਾਰੇ ਕੁਲੀਗਜ਼ ਵਿਚ ਇਹਦਾ ਚਰਚਾ ਵੀ ਏ।

ਸੁਰਜੀਤ : ਤੁਹਾਡੇ ਕੁਲੀਗਜ਼ ਵਿਚ ਤਾਂ ਹੋਰ ਵੀ ਬੜਾ ਚਰਚਾ ਏ...।

ਮਹਿੰਦਰ : ਕਿਸ ਗੱਲ ਦਾ ?

ਸੁਰਜੀਤ : ਬੜੀਆਂ ਗੱਲਾਂ ਦਾ।

ਮਹਿੰਦਰ : ਕਿਹੜੀਆਂ ਗੱਲਾਂ ਦਾ ?

ਸੁਰਜੀਤ : ਮਿਸਾਲ ਦੇ ਤੌਰ 'ਤੇ ਮੈਂ ਦਫਤਰ ਦੇ ਵਕਤ ਤੋਂ ਪਹਿਲਾਂ ਕਿਉਂ ਆ ਜਾਂਦੀ ਹਾਂ, ਇਹਨੇ ਸਾਰੇ ਦੁੱਖ ਵਿਚੋਂ ਲੰਘਣ 'ਤੇ ਵੀ ਮੈਂ ਸ਼ਕਾਇਤ ਕਿਉਂ ਨਹੀਂ ਕਰਦੀ ? ਕਿਸੇ ਦੀ ਹਮਦਰਦੀ ਦੇ ਦੋ ਸ਼ਬਦ ਵੀ ਕਬੂਲ ਨਹੀਂ ਕਰਦੀ।

ਮਹਿੰਦਰ : ਹਮਦਰਦੀ ਕਬੂਲ ਨਾ ਕਰਨ ਦੀ ਸ਼ਕਾਇਤ ਤਾਂ ਮੈਨੂੰ ਵੀ ਹੋ ਸਕਦੀ ਏ।

ਸੁਰਜੀਤ : ਇਸਦੇ ਪਿਛੇ ਵੀ ਇਕ ਹੀ ਰਾਜ਼ ਏ।

ਮਹਿੰਦਰ : ਕਿਹੜਾ ਰਾਜ਼ ?

ਸੁਰਜੀਤ : ਕਿਉਂਕਿ ਸਾਨੂੰ ਹਮਦਰਦੀ ਜਿਤਲਾਉਣ ਦੀ ਜਾਚ ਹੀ ਨਹੀਂ ਆਉਂਦੀ। ਹਮਦਰਦੀ ਜਿਤਲਾਉਂਦੇ ਹੋਏ ਅਸੀਂ ਬਹੁਤੀ ਵਾਰੀ ਅਗਲੇ ਦੇ ਜ਼ਖ਼ਮਾਂ 'ਤੇ ਲੂਣ ਛਿਣਕ ਰਹੇ ਹੁੰਦੇ ਹਾਂ।

ਮਹਿੰਦਰ : ਇਸ ਵਿਚ ਕੀ ਸ਼ੱਕ ਏ ? ਸਾਡੀਆਂ ਕੁਝ ਗੱਲਾਂ ਵਾਕਈ ਚੰਗੀਆਂ ਨਹੀਂ।

ਸੁਰਜੀਤ : ਦਫਤਰ ਵਿਚ ਇਕ ਬੰਦਾ ਏ, ਜਿਹੜਾ ਮੇਰੇ ਨਾਲ ਸਾਰੀਆਂ ਗੱਲਾਂ ਕਰ ਲੈਂਦਾ ਹੈ। ਰਾਮ ਲਾਲ, ਜੋ ਸੱਚ ਪੁਛੋ ਤਾਂ ਬਹੁਤੀ ਵਾਰ ਉਹਦੇ ਨਾਲ ਦਸ ਪੰਦਰਾਂ ਮਿੰਟ ਦੀ ਕੰਪਨੀ ਕਰਨ ਈ ਹੀ ਦਫਤਰ ਤੋਂ ਪਹਿਲੇ ਆ ਜਾਂਦੀ ਹਾਂ, ਇਕ ਦਿਲਚਸਪ ਬੰਦਾ ਹੈ। ਮੈਂ ਦੌਰੇ 'ਤੇ ਜਾਣ ਲਈ ਵੀ ਇਕ ਦਮ ਹਾਂ ਕਰ ਦਿੱਤੀ ਸੀ, ਜਦੋਂ ਮੈਨੂੰ ਪਤਾ ਲਗਾ ਕਿ ਰਾਮ ਲਾਲ ਵੀ ਨਾਲ ਜਾ ਰਿਹਾ ਹੈ।

ਮਹਿੰਦਰ : ਜੇ ਸਾਹਿਬ ਮੈਨੂੰ ਨਾਲ ਜਾਣ ਲਈ ਕਹਿ ਦੇਂਦੇ ? ਕਿਉਂਕਿ ਮੇਰਾ ਵੀ ਤਾਂ ਘਰ ਉਥੇ ਸੀ।

ਸੁਰਜੀਤ : ਤਾਂ ਮੈਂ ਕੋਈ ਬਹਾਨਾ ਜ਼ਰੂਰ ਬਣਾ ਦੇਣਾ ਸੀ।

ਮਹਿੰਦਰ : ਕਿਉਂ ? ਮੈਨੂੰ ਤੁਸੀਂ ਇਤਬਾਰ ਵਾਲਾ ਬੰਦਾ ਨਹੀਂ ਸਮਝਦੇ ?

ਸੁਰਜੀਤ : ਨਹੀਂ, ਸਿਰਫ ਇਸ ਲਈ ਕਿ ਜੇ ਤੁਸੀਂ ਜਾਂਦੇ ਤਾਂ ਤੁਹਾਡੇ ਕੁਲੀਗਜ਼ ਨੇ ਗੱਲਾਂ ਬਣਾਉਣੀਆਂ ਸਨ। ਵੈਸੇ ਹੈਰਾਨੀ ਵਾਲੀ ਗੱਲ ਏ ਕਿ ਜ਼ਿੰਦਗੀ ਵਿਚ ਆਲੇ-ਦੁਆਲੇ ਕੁਝ ਵੀ ਵਾਪਰ ਜਾਏ, ਦਫਤਰਾਂ ਦਾ ਵਾਤਾਵਰਨ ਨਹੀਂ ਬਦਲੇਗਾ।

ਮਹਿੰਦਰ : ਕਿਹੜਾ ਵਾਤਾਵਰਨ ?

ਸੁਰਜੀਤ : ਖ਼ਬਰਾਂ ਦਾ ਚਰਚਾ, ਆਪਣੇ ਆਪਣੇ ਪੱਖ ਵਿਚ ਗਹਿਮਾ ਗਹਿਮੀ... ਪਰ ਇਕ ਗੱਲ ਸਾਂਝੀ ਏ।

ਮਹਿੰਦਰ : ਕੀ ?

ਸੁਰਜੀਤ : ਮੈਡੀਕਲ ਬਿੱਲ, ਟੀ.ਏ. ਬਿੱਲ ਬਨਾਉਣ ਵੇਲੇ ਕਿਹੜੀਆਂ ਕਿਹੜੀਆਂ ਘੁੰਡੀਆਂ ਦਾ ਖਿਆਲ ਰਖਣਾ ਚਾਹੀਦਾ ਹੈ। ਹਾਂ ਤੇ ਤੁਹਾਡਾ ਚਾਹ ਦਾ ਇਨਵੀਟੇਸ਼ਨ ਮੇਰੇ ਵੱਲ ਉਧਾਰ ਰਿਹਾ।

ਮਹਿੰਦਰ : ਉਧਾਰ ਤਾਂ ਕੋਈ ਚੰਗੀ ਪ੍ਰੈਕਟਿਸ ਨਹੀਂ।

ਸੁਰਜੀਤ : ਪਰ ਕਈ ਵਾਰ ਕਿਸੇ ਦੀ ਮਜ਼ਬੂਰੀ ਹੁੰਦੀ ਏ ਤੇ ਇਹ ਵੀ ਪ੍ਰੈਕਟਿਸ ਕਰਨੀ ਪੈਂਦੀ ਏ, ਮੈਂ ਸੁਪਰੀਡੈਂਟ ਸਾਹਿਬ ਨੂੰ ਇਹ ਫਾਈਲ ਦੇ ਆਵਾਂ।

(ਜਾਂਦਾ ਹੈ, ਥੋੜਾ ਸੰਗੀਤ। ਰਾਮ ਲਾਲ ਚਾਹ ਲੈਕੇ ਆਉਂਦਾ ਹੈ।)

ਰਾਮ ਲਾਲ : ਬਾਊ ਜੀ, ਚਾਹ... ..।

ਮਹਿੰਦਰ : ਦੋ ਕਪ ਕੀਹਦੇ ਲਈ ?

ਰਾਮ ਲਾਲ : ਇਕ ਕੱਪ ਸੁਰਜੀਤ ਬੀਬੀ ਲਈ।

ਮਹਿੰਦਰ : ਪਰ...

ਰਾਮ ਲਾਲ : ਉਹ ਤਾਂ ਚਲੇ ਗਏ। ਕੋਈ ਨਹੀਂ ਮੈਂ ਆਪ ਪੀ ਲਵਾਂਗਾ।

ਮਹਿੰਦਰ : ਪਰ ਤੂੰ ਇਹ ਲਿਆਇਆ ਕਿਉਂ ਸੀ ?

ਰਾਮ ਲਾਲ : ਮੇਰਾ ਖਿਆਲ ਸੀ ਕਿ ਉਹ ਪੀ ਲੈਣਗੇ, ਤੁਹਾਡੇ ਪਿਤਾ ਜੀ ਨੇ ਮੈਨੂੰ ਚਲਣ ਵੇਲੇ ਕਿਹਾ ਸੀ ਕਿ ਮੈਂ ਤੁਹਾਡਾ ਵੀ ਖਿਆਲ ਰੱਖਾਂ ਤੇ ਸੁਰਜੀਤ ਬੀਬੀ ਦਾ ਵੀ, ਉਹਨਾਂ ਦੇਅਸੂਲ ਆਪਣੇ ਹਨ ਤੇ ਇਹਚੰਗੀ ਗੱਲ ਏ।

ਮਹਿੰਦਰ : ਮੈਨੂੰ ਵੀ ਇਹ ਗੱਲ ਚੰਗੀ ਲਗਦੀ ਏ ਰਾਮ ਲਾਲ। ਹਰ ਗੱਲ ਸਮੇਂ ਨਾਲ ਹੀ ਠੀਕ ਹੁੰਦੀ ਏ।

(ਸੀਨ ਬਦਲੀ ਦਾ ਸੰਗੀਤ)

ਚੌਪੜਾ : ਕਿਉਂ ਰਾਮ ਲਾਲ ਇਹ ਖ਼ਬਰ ਸੱਚੀ ਏ ?

ਹਰਭਜਨ ਸਿੰਘ : ਕਿਹੜੀ ਖ਼ਬਰ ?

ਚੌਪੜਾ : ਆਪਣੇ ਮਹਿੰਦਰ ਦੇ ਪਿਤਾ ਜੀ, ਅਤਿਵਾਦੀਆਂ ਦੇ ਹਥੋਂ ਗੋਲੀ

ਨਾਲ ਫੱਟੜ ਹ ਗਏ ਹਨ ?

ਰਾਮ ਲਾਲ : ਠੀਕ ਖ਼ਬਰ ਏ, ਉਹਨਾਂ ਨੂੰ ਇਥੇ ਲਿਆਉਂਦਾ ਗਿਆ ਏ, ਮੈਂ ਵੀ ਹਸਪਤਾਲ ਤੋਂ ਹੀ ਇਥੇ ਅਇਆ ਹਾਂ।

ਚੌਪੜਾ : ਇਹ ਹੁਣ ਪੁਲਿਸ ਦੇ ਕੰਟਰੋਲ ਵਾਲੀ ਗੱਲ ਨਹੀਂ। ਉਹ ਇਲਾਕਾ ਤਾਂ ਸਾਰਾ ਫ਼ੌਜ ਦੇ ਹਵਾਲੇ ਕਰਨਾ ਚਾਹੀਦਾ ਏ –

ਹਰਭਜਨ ਸਿੰਘ : ਫ਼ੌਜ ਕੀ ਕਰ ਸਕਦੀ ਏ, ਜਿਨ੍ਹਾਂ ਚਿਰ ਬੁਨਿਯਾਦੀ ਮਸਲਾ ਹਲ ਨਹੀਂ ਹੁੰਦਾ।

ਚੌਪੜਾ : ਸਾਨੂੰ ਵੀ ਹਸਪਤਾਲ ਚਲਣਾ ਚਾਹੀਦਾ ਹੈ। ਮਹਿੰਦਰ ਨੂੰ ਸ਼ਾਇਦ ਕੁਝ ਮਦਦ ਦੀ ਲੋੜ ਹੋਵੇ।

ਹਰਭਜਨ ਸਿੰਘ : ਹਾਂ ਹਸਪਤਾਲ ਵਿਚ ਤਾਂ ਕੋਈ ਵੀ ਲੋੜ ਪੈ ਸਕਦੀ ਹੈ, ਸਾਡਾ ਕੁਲੀਗ ਹੈ, ਜੇ ਅਸੀਂ ਨਾ ਮਦਦ ਕੀਤੀ ਤਾਂ ਹੋਰ ਕੌਣ ਕਰੇਗਾ ?

ਚੌਪੜਾ : ਹਾਂ ਹੋਰ ਕੌਣ ਕਰੇਗਾ ?

(ਜਾਂਦੇ ਹਨ – ਸੀਨ ਅਗੇ ਤੁਰਨ ਦਾ ਸੰਗੀਤ)

ਸੁਰਜੀਤ : ਰਾਮ ਲਾਲ ਜੀ ਅੱਜ ਮੈਂ ਦੇਰ ਲਾਲ ਆਈ ਹਾਂ ਤੇ ਫੇਰ ਵੀ ਦਫਤਰ ਖਾਲੀ ਏ ?

ਰਾਮ ਲਾਲ : ਬੀਬੀ ਜੀ, ਸਭ ਵੱਡੇ ਹਸਪਤਾਲ ਗਏ ਨੇ।

ਸੁਰਜੀਤ : ਕਿਉਂ ?

ਰਾਮ ਲਾਲ : ਮਹਿੰਦਰ ਦੇ ਪਿਤਾ ਜੀ ਨੂੰ ਜ਼ਖ਼ਮੀਂ ਹਾਲਤ ਵਿਚ ਉਥੇ ਲਿਆਇਆ ਗਿਆ ਏ। ਉਹਨਾਂ ਦੇ ਇਕ ਗੋਲੀ ਲਗੀ ਏ।

ਸੁਰਜੀਤ : ਕਿੰਨੇ ਗੋਲੀ ਮਾਰੀ ਏ ?

ਰਾਮ ਲਾਲ : ਕਿਸੇ ਅਤਿਵਾਦੀ ਨੇ।

ਸੁਰਜੀਤ : ਓਏ ਜ਼ਾਲਮੋ ਤੁਸੀਂ ਇਹ ਕੀ ਕੀਤਾ ?

ਰਾਮ ਲਾਲ : ਅਪ੍ਰੇਸ਼ਨ ਸਮੇਂ ਸਿਰ ਹੋ ਗਿਆ ਏ, ਜਾਨ ਸ਼ਾਇਦ ਬਚ ਹੀ ਜਾਵੇ।

ਸੁਰਜੀਤ : ਹਸਪਤਾਲ ਕਿਥੇ ਨੇ ?

ਰਾਮ ਲਾਲ : ਐਮਰਜੈਂਸੀ ਵਿਚ।

ਸੁਰਜੀਤ : ਮੈਂ ਚਲਦੀ ਹਾਂ।

(ਜਾਂਦੀ ਹੈ – ਸੀਨ ਬਦਲੀ ਦਾ ਸੰਗੀਤ)

(ਹਸਪਤਾਲ ਦਾ ਵਾਰਡ – ਅਵਾਜ਼ਾਂ ਨਾਲ ਸਥਾਪਤ ਕਰਨਾ ਹੈ। ਸੁਰਜੀਤ ਤੇ ਮਹਿੰਦਰ ਵਿਚ ਗੱਲਬਾਤ।)

ਸੁਰਜੀਤ : ਮਹਿੰਦਰ ਜੀ, ਹੌਂਸਲਾ ਕਰੋ, ਸਭ ਠੀਕ ਹੋ ਜਾਏਗਾ।

ਮਹਿੰਦਰ : ਨਹੀਂ ਹੁਣ ਕੁਝ ਠੀਕ ਨਹੀਂ ਹੋਵੇਗਾ।

ਸੁਰਜੀਤ : ਸਾਨੂੰ ਸਭ ਨੂੰ ਇਸ ਦੁੱਖ ਦਾ ਮੁਕਾਬਲਾ ਕਰਨਾ ਪਏਗਾ।

ਮਹਿੰਦਰ : ਪਰ ਇਹ ਸਭ ਕੁਝ ਕਿਉਂ ਹੋ ਰਿਹਾ ਏ ?

ਸੁਰਜੀਤ : ਕੁਝ ਇਨਸਾਨ ਇਨਸਾਨੀਅਤ ਭੁੱਲ ਗਏ ਨੇ।

ਮਹਿੰਦਰ : ਹੋਸ਼ ਆਉਣ 'ਤੇ ਪਿਤਾ ਜੀ ਨੇ ਵੀ ਇਹ ਕਿਹਾ ਸੀ..

ਸੁਰਜੀਤ : ਕੀ ?

ਮਹਿੰਦਰ : ਮੈਂ ਕਿਹਾ ਪਿਤਾ ਜੀ ਇਹ ਕਿਉਂ ਹੋਇਆ ? ਤੁਹਾਡੀ ਤਾਂ ਕਿਸੇ ਨਾਲ ਦੁਸ਼ਮਣੀ ਨਹੀਂ ਸੀ, ਤਾਂ ਕਿਹਾ...

ਸੁਰਜੀਤ : ਕੀ ਕਿਹਾ ?

ਮਹਿੰਦਰ : ਕਿਸੇ ਵੇਲੇ ਇਨਸਾਨ ਇਨਸਾਨੀਅਤ ਭੁੱਲ ਜਾਂਦਾ ਹੈ, ਦੋਸਤ ਦੁਸ਼ਮਣ ਦੀ ਪਹਿਚਾਣ ਨਹੀਂ ਕਰ ਸਕਦਾ।

ਸੁਰਜੀਤ : ਮੈਂ ਉਹਨਾਂ ਕੋਲ ਜਾ ਸਕਦੀ ਹਾਂ ?

ਮਹਿੰਦਰ : ਹਾਂ।

(ਸੀਨ ਚਲਦੇ ਦਾ ਸੰਗੀਤ)

ਮਹਿੰਦਰ : ਹਾਂ

ਮਹਿੰਦਰ ਪਿਤਾ ਜੀ

ਪਿਤਾ : (ਅੱਖਾਂ ਖੋਲ੍ਹਕੇ ਹੌਲੇ ਜਿਹੇ) ਹਾਂ ਪੁੱਤਰ

ਮਹਿੰਦਰ : ਸੁਰਜੀਤ ਹੋਰੀ ਆਏ ਨੇ। ਮੇਰੇ ਕੁਲੀਗ...

ਸੁਰਜੀਤ : ਪਿਤਾ ਜੀ...

ਪਿਤਾ : ਬੇਟੀ – ਰੋ ਨਾ, ਮੈਨੂੰ ਕੁਝ ਨਹੀਂ ਹੋਇਆ। ਮੈਂ ਠੀਕ ਹੋ ਜਾਵਾਂਗਾ, ਇਹ ਮੇਰਾ ਵਿਸ਼ਵਾਸ਼ ਏ।

ਸੁਰਜੀਤ : ਹਾਂ ਪਿਤਾ ਜੀ, ਤੁਸੀਂ ਜ਼ਰੂਰ ਠੀਕ ਹੋ ਜਾਵੋਗੇ। ਤੁਸੀਂ ਸਾਨੂੰ ਛੱਡਕੇ ਨਹੀਂ ਜਾ ਸਕਦੇ... (ਸੰਭਲ ਕੇ) ਮਹਿੰਦਰ ਜੀ ਮੇਰਾ ਇਕ ਕੰਮ ਕਰੋ..

ਮਹਿੰਦਰ : ਕੀ ?

ਸੁਰਜੀਤ : ਮੇਰੇ ਚਾਚਾ ਜੀ, ਚਾਚੀ ਜੀ ਨੂੰ ਸੁਨਿਹਾ ਦੇਣਾ ਏ ਕਿ ਮੈਂ ਅੱਜ ਰਾਤ ਘਰ ਨਹੀਂ ਆ ਸਕਾਂਗੀ ਤੇ ਪਤਾ ਨਹੀਂ ਹੋਰ ਵੀ ਕਿੰਨੇ ਦਿਨ ਨਾ ਜਾ ਸਕਾਂ। ਪਿਤਾ ਜੀ ਜਿਨ੍ਹਾਂ ਚਿਰ ਇਥੇ ਨੇ ਮੈਂ ਨਹੀਂ ਜਾਵਾਂਗੀ, ਮੈਂ ਆਪਣੇ ਪਿਤਾ ਜੀ ਦੀ ਕੋਈ ਸੇਵਾ ਨਹੀਂ ਕਰ ਸਕੀ ਸਾਂ, ਪਰ... ਇਸ ਧਰਤੀ 'ਤੇ ਹਾਲੇ ਉਹਨਾਂ ਇਨਸਾਨਾਂ ਦੀ ਲੋੜ ਹੈ ਜੋ ਝੁੱਲਦੇ ਝਖੜਾਂ ਵਿਚ ਵੀ ਵਿਸ਼ਵਾਸ਼ ਦੀ ਗਲ ਕਰ ਸਕਦੇ ਨੇ... ਵਿਸ਼ਵਾਸ਼ ਦੀ ਗੱਲ ਕਰ ਸਕਦੇ ਨੇ... ਵਿਸ਼ਵਾਸ਼ ਝਖੜ ਲੰਘ ਜਾਣਗੇ ਤੇ ਜ਼ਿੰਦਗੀ ਫੇਰ ਆਪਣੀ ਤੋਰ ਤੁਰ ਸਕੇਗੀ...

(ਸੰਗੀਤ ਤੇ ਸਮਾਪਤ)